# ਮੈਨੁ ਮਿਲ ਗਯਾ ਮਾँ ਦਾ ਦ੍ਵਾਰਾ

ਮੈਨੂੰ ਮਿਲ ਗਿਆ, ਮਾਂ ਦਾ ਦਵਾਰਾ,
ਮੈਂ ਦੁਨੀਆਂ ਤੋਂ ਕੀ ਲੈਣਾ ॥
ਮੈਂ ਦੁਨੀਆਂ ਤੋਂ ਕੀ ਲੈਣਾ x॥
ਮੈਨੂੰ ਮਿਲ ਗਿਆ, ਸਵਰਗ ਨਜ਼ਾਰਾ,
ਮੈਂ ਦੁਨੀਆਂ ਤੋਂ ਕੀ ਲੈਣਾ ॥
^
ਮਈਆ ਜੀ ਦੇ ਰੰਗਾਂ ਵਿੱਚ, "ਮਨ ਰੰਗ ਲਿਆ ਮੈਂ" ॥
ਸਭ ਕੁੱਝ ਮਾਏਂ ਤੇਰੇ, "ਨਾਂਅ ਕਰ ਲਿਆ ਮੈਂ" ॥
ਮੇਰਾ ਰੋਮ ਰੋਮ,,, ਜੈ ਹੋ ॥ ਖਿੜ੍ਹ ਗਿਆ ਸਾਰਾ,
ਮੈਂ ਦੁਨੀਆਂ ਤੋਂ ਕੀ ਲੈਣਾ,,,
ਮੈਨੂੰ ਮਿਲ ਗਿਆ ਮਾਂ,,,,,,,,,,,,,,,,,,,,,
^
ਚਰਨਾਂ 'ਚ ਤੇਰੇ ਮਾਏਂ, "ਜੀਵਨ ਗੁਜ਼ਾਰਨਾ" ।
ਹਰ ਪਲ ਮਾਏਂ ਤੇਰਾ, "ਨਾਮ ਉੱਚਾਰਣਾ" ॥
ਬਣ ਜਾਵਾਂ ਤੇਰਾ,,, ਜੈ ਹੋ ॥ ਭਗਤ ਪਿਆਰਾ,
ਮੈਂ ਦੁਨੀਆਂ ਤੋਂ ਕੀ ਲੈਣਾ,,,
ਮੈਨੂੰ ਮਿਲ ਗਿਆ ਮਾਂ,,,,,,,,,,,,,,,,,,,,,
^
ਜਦੋਂ ਦਾ ਮਾਏਂ ਤੇਰੇ, "ਲੜ੍ਹ ਨੂੰ ਮੈਂ ਫੜ੍ਹਿਆ" ।
ਓਦੋਂ ਦਾ ਹੀ ਮਾਏਂ ਸਿਰ, "ਹੱਥ ਤੂੰ ਧਰਿਆ" ॥
ਮੇਰੇ ਕਰਮਾਂ ਨੂੰ,,, ਜੈ ਹੋ ॥ ਮਿਲਿਆ ਇਸ਼ਾਰਾ,
ਮੈਂ ਦੁਨੀਆਂ ਤੋਂ ਕੀ ਲੈਣਾ,,,
ਮੈਨੂੰ ਮਿਲ ਗਿਆ ਮਾਂ,,,,,,,,,,,,,,,,,,,,,
^
ਮਿਲ ਗਿਆ ਮੈਨੂੰ ਹੁਣ, "ਸੱਚ ਵਾਲਾ ਰਾਹ ਏ" ।
ਜੱਗ ਦੀ ਨਾ ਰਹੀ ਮੈਨੂੰ, "ਕੋਈ ਪ੍ਰਵਾਹ ਏ" ॥
ਆਪੇ ਕੰਮ ਮੇਰਾ,,, ਜੈ ਹੋ ॥ ਹੋਈ ਜਾਵੇ ਸਾਰਾ,
ਮੈਂ ਦੁਨੀਆਂ ਤੋਂ ਕੀ ਲੈਣਾ,,,
ਮੈਨੂੰ ਮਿਲ ਗਿਆ ਮਾਂ,,,,,,,,,,,,,,,,,,,,,
^
ਮਈਆ ਜੀ ਦਾ ਦਰ ਛੱਡ, "ਕਿਤੇ ਵੀ ਨਾ ਜਾਵਾਂ ਮੈਂ" ।
ਸਾਰੀ ਜਿੰਦਗੀ ਬੱਸ, "ਗੁਣ ਓਹਦੇ ਗਾਵਾਂ ਮੈਂ" ॥
ਜੋਤਾਂ ਵਾਲੀ ਦਾ,,, ਜੈ ਹੋ ॥ ਹੈ ਮੈਨੂੰ ਸਹਾਰਾ,
ਮੈਂ ਦੁਨੀਆਂ ਤੋਂ ਕੀ ਲੈਣਾ,,,
ਮੈਨੂੰ ਮਿਲ ਗਿਆ ਮਾਂ,,,,,,,,,,,,,,,,,,,,,
^
ਚੰਨ ਨਾਲੋਂ ਸੋਹਣੀ ਲੱਗੇ, "ਮਈਆ ਦੀ ਤਸਵੀਰ ਏ" ।
ਉਸਨੇ ਹੀ ਬਣਾਈ ਦੇਖੋ, "ਮੇਰੀ ਤਕਦੀਰ ਏ" ॥
ਮੈਂ ਤਾਂ ਮਈਆ ਦਾ,,, ਜੈ ਹੋ ॥ ਹੀ ਭਗਤ ਪਿਆਰਾ,
ਮੈਂ ਦੁਨੀਆਂ ਤੋਂ ਕੀ ਲੈਣਾ,,,
ਮੈਨੂੰ ਮਿਲ ਗਿਆ ਮਾਂ,,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27496/title/mainu-mil-gaya-maa-da-dwara

अपने Android मोबाइल पर BhajanGanga App डाउनलोड करें और भजनों का आनंद ले |